بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in** **ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)**

# ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਮੁਬਾਰਕ ਸੀਰਤ ਦੇ ਹਵਾਲੇ ਨਾਲ ਤੌਹੀਦਿ ਇਲਾਹੀ ਦਾ ਇਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 10 ਅਪ੍ਰੈਲ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਪਣੇ ਆਕ਼ਾ ਦੀ ਪੈਰਵੀ ਵਿੱਚ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਤੌਹੀਦ ਨੂੰ ਕ਼ਾਇਮ ਕਰਨ ਲਈ ਕੋਸ਼ਿਸ਼, ਆਪ ﷺ ਦਾ ਅਮਲੀ ਨਮੂਨਾ, ਆਪਣੇ ਮੰਨਣ ਵਾਲਿਆਂ ਨੂੰ ਨਸੀਹਤਾਂ ਅਤੇ ਕਿਸ ਤਰ੍ਹਾਂ ਉਨ੍ਹਾਂ ਦੀ ਤਰਬਿਯਤ ਫ਼ਰਮਾਇਆ ਕਰਦੇ ਸਨ, ਇਸ ਦੇ ਕੁੱਝ ਵਾਕ਼ਿਆਤ ਪੇਸ਼ ਕਰਾਂਗਾ।

ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਇਆ ਕਰਦੇ ਸਨ ਕਿ ਕਿਸੇ ਸ਼ਖ਼ਸ ਦਾ **ਬੇਟਾ** ਮਰ ਗਿਆ। ਉਸ ਦਾ ਇੱਕ ਦੋਸਤ ਹਾਲ ਪੁੱਛਣ ਲਈ ਉਸ ਦੇ ਕੋਲ ਗਿਆ ਤਾਂ ਉਹ ਚੀਕ ਮਾਰ ਕੇ ਰੋ ਪਿਆ ਅਤੇ ਉਸ ਨੂੰ ਕਹਿਣ ਲੱਗਾ ਕਿ ਖ਼ੁਦਾ ਨੇ ਮੇਰੇ 'ਤੇ ਬੜਾ ਜ਼ੁਲਮ ਕੀਤਾ ਹੈ। ਗੋਇਆ ਉਸ ਦੇ ਖ਼ਿਆਲ ਵਿੱਚ ਉਸ ਦਾ ਕੋਈ ਹੱਕ਼ ਖ਼ੁਦਾ ਤਆਲਾ ਨੇ ਮਾਰ ਲਿਆ ਸੀ। ਪਰ ਸੋਚਣਾ ਚਾਹੀਦਾ ਹੈ ਕਿ ਉਹ ਕਿਹੜਾ ਹੱਕ਼ ਹੈ ਜਿਹੜਾ ਬੰਦੇ ਨੇ ਖ਼ੁਦਾ ਤਆਲਾ 'ਤੇ ਕ਼ਾਇਮ ਕੀਤਾ ਹੈ?

ਇਨਸਾਨ ਨੂੰ ਹਰ ਵੇਲੇ ਇਹੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਜਿਹੜੀਆਂ **ਨਿਅਮਤਾਂ**, ਜਿਹੜੀ **ਔਲਾਦ** ਸਾਨੂੰ ਮਿਲੀ ਹੈ, ਅੱਲਾਹ ਤਆਲਾ ਦੇ ਫ਼ਜ਼ਲ ਦੀ ਵਜ੍ਹਾ ਨਾਲ ਮਿਲੀ ਹੈ ਅਤੇ ਇਹ ਚੀਜ਼ ਇਸ ਗੱਲ ਦਾ ਤਕ਼ਾਜ਼ਾ ਕਰਦੀ ਹੈ ਕਿ ਅਸੀਂ ਹਮੇਸ਼ਾ ਅੱਲਾਹ ਤਆਲਾ ਦੇ ਅੱਗੇ ਝੁਕੇ ਰਹੀਏ। ਉਸ ਦੀ ਤੌਹੀਦ ਦਾ ਆਪਣੀ ਹਰ ਕਰਨੀ ਅਤੇ ਕਥਨੀ ਨਾਲ ਇਜ਼ਹਾਰ ਕਰੀਏ ਅਤੇ ਕਦੀ ਸ਼ਿਰਕ ਦੀ ਥੋੜੀ ਜਿਹੀ ਮਿਲਾਵਟ ਵੀ ਸਾਡੇ ਵਿੱਚ ਪੈਦਾ ਨਾ ਹੋਵੇ। ਕਦੀ ਇਹ ਨਾ ਸਮਝੀਏ ਕਿ ਸਾਡਾ ਕੋਈ ਅੱਲਾਹ ਤਆਲਾ 'ਤੇ ਹੱਕ਼ ਹੈ। ਮਾੜੀ ਜਿਹੀ ਇਬਾਦਤ ਕਰਨ ਨਾਲ ਕੋਈ ਹੱਕ਼ ਨਹੀਂ ਅਦਾ ਹੋ ਗਿਆ ਬਲਕਿ ਅਸੀਂ ਆਪਣੇ ਫ਼ਾਇਦੇ ਦੇ ਲਈ ਕਰਦੇ ਹਾਂ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ ਆਪਣੇ ਬੇਟੇ ਮੁਬਾਰਕ ਅਹਮਦ ਨਾਲ ਬੜੀ ਮੁਹੱਬਤ ਸੀ ਅਤੇ ਉਸ ਦੀ ਬਿਮਾਰੀ ਵਿੱਚ ਆਪ ﷺ ਨੇ ਬੜੀ ਖ਼ਿਦਮਤ ਕੀਤੀ। ਇਸ ਗੱਲ ਨਾਲ ਹਜ਼ਰਤ ਖ਼ਲੀਫ਼ਾ ਅੱਵਲ ਰਜ਼ਿ ਅੱਲਾਹੁ ਅਨਹੁ ਤੱਕ ਨੂੰ ਵੀ ਇਹ ਖ਼ਿਆਲ ਸੀ ਕਿ ਜੇਕਰ ਮੁਬਾਰਕ ਅਹਮਦ ਫ਼ੌਤ ਹੋ ਗਿਆ ਤਾਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ ਬੜਾ **ਸਦਮਾ** ਹੋਵੇਗਾ। ਜਦ ਮੁਬਾਰਕ ਅਹਮਦ ਫ਼ੌਤ ਹੋ ਗਿਆ ਤਾਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਉਸੇ ਵੇਲੇ ਨਿਹਾਇਤ ਸਬਰ ਦੇ ਨਾਲ ਦੋਸਤਾਂ ਨੂੰ ਖ਼ਤ ਲਿਖਣ ਲੱਗ ਗਏ ਕਿ ਮੁਬਾਰਕ ਅਹਮਦ ਫ਼ੌਤ ਹੋ ਗਿਆ ਹੈ ਪਰ ਇਸ ਗੱਲ 'ਤੇ ਘਬਰਾਉਣਾ ਨਹੀਂ ਚਾਹੀਦਾ, ਇਹ ਅੱਲਾਹ ਤਆਲਾ ਦੀ ਇੱਕ ਮਰਜ਼ੀ ਸੀ ਜਿਸ 'ਤੇ ਸਾਨੂੰ ਸਬਰ ਕਰਨਾ ਚਾਹੀਦਾ ਹੈ।

ਫਿਰ ਬਾਹਰ ਆ ਕੇ ਮੁਸਕਰਾ ਮੁਸਕਰਾ ਕੇ ਤਕ਼ਰੀਰ ਕਰਨ ਲੱਗੇ ਕਿ ਮੁਬਾਰਕ ਅਹਮਦ ਦੇ ਬਾਰੇ ਖ਼ੁਦਾ ਤਆਲਾ ਦਾ ਜਿਹੜਾ ਐਲਾਨ ਸੀ, ਉਹ ਪੂਰਾ ਹੋ ਗਿਆ ਹੈ। ਚੁਨਾਂਚਿ ਆਪ ﷺ ਦਾ ਸ਼ਿਅਰ ਵੀ ਹੈ ਕਿ:

**ਬੁਲਾਨੇ ਵਾਲ਼ਾ ਹੈ ਸਭ ਸੇ ਪਿਆਰਾ ਉਸੀ ਪੇ ਐ ਦਿਲ ਤੂ ਜਾਂ ਫ਼ਿਦਾ ਕਰ**

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਸਨ ਕਿ ਸੁਲਤਾਨ ਅਬਦੁਲ ਹਮੀਦ ਖ਼ਾਨ ਦੀਆਂ ਬਹੁਤ ਸਾਰੀਆਂ ਗੱਲਾਂ ਗ਼ਲਤ ਸਨ, ਪਰ ਇੱਕ ਗੱਲ ਆਪ ﷺ ਨੂੰ ਬਹੁਤ ਪਸੰਦ ਸੀ। ਜਦ ਵਜ਼ੀਰਾਂ ਨੇ ਜੰਗ ਤੋਂ ਬਚਣ ਦੇ ਲਈ ਵੱਖ-ਵੱਖ ਕਮਜ਼ੋਰੀਆਂ ਅਤੇ ਮੁਸ਼ਕਿਲਾਂ ਬਿਆਨ ਕੀਤੀਆਂ ਤਾਂ ਸੁਲਤਾਨ ਨੇ ਕਿਹਾ ਕਿ ਕੁੱਝ ਮਾਮਲਾ ਖ਼ੁਦਾ ਤਆਲਾ 'ਤੇ ਵੀ ਛੱਡਣਾ ਚਾਹੀਦਾ ਹੈ। ਇਸ ਵਾਕ਼ੇ ਨਾਲ਼ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਅੱਲਾਹ ਤਆਲਾ 'ਤੇ ਮੁਕੰਮਲ ਭਰੋਸਾ ਕਰਨ ਦੀ ਅਹਿਮੀਅਤ ਨੂੰ ਸਰਾਹਿਆ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ ਸਿਰ ਦੇ ਦੌਰਿਆਂ ਦਾ ਮਰਜ਼ ਸੀ (ਚੱਕਰਾਂ ਦੀ ਤਕਲੀਫ਼ ਸੀ)। ਇੱਕ ਤਬੀਬ (ਡਾਕਟਰ) ਦੇ ਬਾਰੇ ਸੁਣਿਆ ਗਿਆ ਕਿ ਉਹ ਇਸ ਵਿੱਚ ਖ਼ਾਸ ਮੁਹਾਰਤ ਰੱਖਦਾ ਹੈ। ਉਸ ਨੂੰ ਬੁਲਵਾਇਆ ਗਿਆ। ਉਸਨੇ ਹਜ਼ੂਰ ﷺ ਨੂੰ ਦੇਖਿਆ ਅਤੇ ਕਿਹਾ ਕਿ ਦੋ ਦਿਨ ਵਿੱਚ ਮੈਂ ਆਪ ﷺ ਨੂੰ ਆਰਾਮ ਕਰ ਦੇਵਾਂਗਾ। ਇਹ ਸੁਣ ਕੇ ਹਜ਼ਰਤ ਸਾਹਿਬ ﷺ ਅੰਦਰ ਚਲੇ ਗਏ ਅਤੇ ਹਜ਼ਰਤ ਮੌਲਵੀ ਨੂਰੁੱਦ੍ ਦੀਨ ਸਾਹਿਬ ਰਜ਼ਿ ਅੱਲਾਹੁ ਅਨਹੁ ਨੂੰ ਕਾਗ਼ਜ਼ ਉੱਤੇ ਲਿਖਿਆ ਕਿ ਇਸ ਸ਼ਖ਼ਸ ਕੋਲੋਂ ਮੈਂ ਇਲਾਜ ਹਰਗਿਜ਼ ਨਹੀਂ ਕਰਵਾਉਣਾ ਚਾਹੁੰਦਾ। ਕੀ ਇਹ **ਖ਼ੁਦਾਈ** ਦਾ ਦਾਅਵਾ ਕਰਦਾ ਹੈ। ਇਸ ਨੂੰ ਵਾਪਸੀ ਦਾ ਕਿਰਾਇਆ ਅਤੇ ਹੋਰ ਪੰਜੀ (25) ਰੁਪਏ ਦੇ ਕੇ ਰੁਖ਼ਸਤ ਕਰ ਦਿਓ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਸਨ ਕਿ ਖ਼ੁਦਾ ਉਨ੍ਹਾਂ ਨਾਲ਼ ਮੁਹੱਬਤ ਕਰਦਾ ਹੈ ਜੋ ਉਸ ਦੀ **ਅਜ਼ਮਤ** (ਵਡਿਆਈ) ਅਤੇ **ਇੱਜ਼ਤ** ਦੇ ਵਾਸਤੇ ਜੋਸ਼ ਰੱਖਦੇ ਹਨ। ਅਜਿਹੇ ਲੋਕ ਇੱਕ ਬਾਰੀਕ ਰਾਹ 'ਚੋਂ ਲੰਘਦੇ ਹਨ। ਹਰ ਐਰਾ ਗ਼ੈਰਾ ਉਨ੍ਹਾਂ ਦੇ ਨਾਲ਼ ਨਹੀਂ ਚੱਲ ਸਕਦਾ। ਜਦ ਤੱਕ ਖ਼ੁਦਾ ਦੇ ਲਈ ਜੋਸ਼ ਨਾ ਹੋਵੇ ਕੋਈ ਲੱਜ਼ਤ ਇਨਸਾਨ ਨੂੰ ਹਾਸਿਲ ਨਹੀਂ ਹੋ ਸਕਦੀ। ਜਦ ਤੱਕ ਇਨਸਾਨ ਦੇ ਦਿਲ ਵਿੱਚ ਅੱਲਾਹ ਤਆਲਾ ਦੇ ਲਈ ਜ਼ਾਤੀ ਜੋਸ਼ ਨਾ ਹੋਵੇ ਅਤੇ ਆਪਣੇ ਦੁਨਿਆਵੀ **ਫ਼ਾਇਦੇ** ਅਤੇ **ਮੁਨਾਫ਼ੇ** ਦੇ ਖ਼ਿਆਲ ਤੋਂ ਇਨਸਾਨ ਖ਼ਾਲੀ ਨਾ ਹੋ ਜਾਵੇ, ਤਦ ਤੱਕ ਉਸ ਦੀ ਕੋਈ ਇਬਾਦਤ ਅਤੇ ਸਦਕ਼ਾ ਕ਼ਬੂਲ ਨਹੀਂ ਹੁੰਦਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਬਸ ਦੁਆ ਦੇ ਕ਼ਬੂਲ ਹੋਣ ਲਈ ਇਹ ਜ਼ਰੂਰੀ ਹੈ ਕਿ ਤੌਹੀਦ 'ਤੇ ਮੁਕੰਮਲ ਯਕ਼ੀਨ ਹੋਵੇ ਅਤੇ ਇਮਾਨ ਹੋਵੇ ਅਤੇ ਅੱਲਾਹ ਤਆਲਾ ਕੋਲੋਂ ਉਸ ਦੀ ਮੁਹੱਬਤ ਹਾਸਿਲ ਕਰਨ ਦੇ ਲਈ ਦੁਆ ਸਭ ਤੋਂ ਪਹਿਲਾਂ ਹੋਵੇ। ਜਿਹੜੇ ਲੋਕ ਲਿਖਦੇ ਹਨ ਕਿ ਅਸੀਂ ਬਹੁਤ ਦੁਆ ਕੀਤੀ, ਅਸੀਂ ਇਹ ਕੀਤਾ ਉਹ ਕੀਤਾ, ਨਫ਼ਲ ਪੜ੍ਹੇ, ਸਦਕ਼ੇ ਦਿੱਤੇ ਸਾਡੀ ਦੁਆ ਕ਼ਬੂਲ ਨਹੀਂ ਹੋਈ। ਉਹ ਰਤਾ ਇਸ ਗੱਲ 'ਤੇ ਗ਼ੌਰ ਕਰਨ, ਇਹ ਨੁਸਖ਼ਾ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਦੱਸਿਆ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ ਮੁਖ਼ਾਤਿਬ ਕਰਦੇ ਹੋਏ ਅੱਲਾਹ ਤਆਲਾ ਨੇ ਫ਼ਰਮਾਇਆ: ਕਿਉਂਕਿ ਇਸ ਜ਼ਮਾਨੇ ਵਿੱਚ ਤੂੰ ਮੇਰੀ ਤੌਹੀਦ ਦਾ ਅਲਮ ਬਰਦਾਰ ਹੈਂ ਅਤੇ ਤੌਹੀਦ ਦੇ ਖੋਏ ਹੋਏ ਰੁਤਬੇ ਨੂੰ ਦੁਨੀਆਂ ਵਿੱਚ ਦੁਬਾਰਾ ਕ਼ਾਇਮ ਕਰ ਰਿਹਾ ਹੈਂ। ਇਸ ਲਈ ਐ ਮਸੀਹ ਮੁਹੰਮਦੀ! ਤੂੰ ਮੈਨੂੰ ਅਜਿਹਾ ਹੀ ਪਿਆਰਾ ਹੈਂ ਜਿਵੇਂ ਕਿ ਮੇਰੀ ਤੌਹੀਦ ਅਤੇ ਤਫ਼ਰੀਦ। ਅਤੇ ਕਿਉਂਕਿ ਇਸਾਈਆਂ ਨੇ ਝੂਠ ਅਤੇ ਬਨਾਵਟ ਦੇ ਤੌਰ 'ਤੇ ਆਪਣੇ ਮਸੀਹ ਨੂੰ ਖ਼ੁਦਾ ਦਾ ਅਸਲੀ ਬੇਟਾ ਬਣਾ ਰੱਖਿਆ ਹੈ ਇਸ ਲਈ ਮੇਰੀ ਗ਼ੈਰਤ ਨੇ ਤਕ਼ਾਜ਼ਾ ਕੀਤਾ ਕਿ ਮੈਂ ਤੇਰੇ ਨਾਲ਼ ਅਜਿਹਾ ਪਿਆਰ ਕਰਾਂ ਕਿ ਜਿਹੜਾ ਔਲਾਦ ਦਾ ਹੱਕ਼ ਹੁੰਦਾ ਹੈ ਤਾਂ ਜੋ ਦੁਨੀਆ 'ਤੇ ਜ਼ਾਹਿਰ ਹੋਵੇ ਕਿ ਮੁਹੰਮਦ ਰਸੂਲੁੱਲਾਹ ﷺ ਦੇ **ਸ਼ਾਗਿਰਦ** ਤੱਕ ਅੱਲਾਹ ਤਆਲਾ ਦੇ ਬੇਟੇ ਹੋਣ ਦੇ ਮੁਕ਼ਾਮ ਤੱਕ ਪਹੁੰਚ ਸਕਦੇ ਹਨ।

ਆਪ ﷺ ਫ਼ਰਮਾਉਂਦੇ ਹਨ ਕਿ ਖ਼ੁਦਾ ਤਆਲਾ ਚਾਹੁੰਦਾ ਹੈ ਕਿ ਇਨ੍ਹਾਂ ਤਮਾਮ ਰੂਹਾਂ ਨੂੰ ਜਿਹੜੀਆਂ ਜ਼ਮੀਨ ਦੀਆਂ ਵੱਖ-ਵੱਖ ਆਬਾਦੀਆਂ ਵਿੱਚ ਆਬਾਦ ਹਨ, ਕੀ ਯੋਰਪ ਅਤੇ ਕੀ ਏਸ਼ੀਆ, ਇਨ੍ਹਾਂ ਸਭ ਨੂੰ ਜਿਹੜੇ ਨੇਕ ਫ਼ਿਤਰਤ ਰੱਖਦੇ ਹਨ, ਤੌਹੀਦ ਵੱਲ ਖਿੱਚੇ ਅਤੇ ਆਪਣੇ ਬੰਦਿਆਂ ਨੂੰ ਵਾਹਿਦ ਦੀਨ 'ਤੇ ਜਮ੍ਹਾ ਕਰੇ। ਇਹੀ ਖ਼ੁਦਾ ਤਆਲਾ ਦਾ ਮਕ਼ਸਦ ਹੈ

ਜਿਸ ਦੇ ਲਈ ਮੈਂ ਦੁਨੀਆ ਵਿੱਚ ਭੇਜਿਆ ਗਿਆ ਹਾਂ। ਸੋ ਤੁਸੀਂ ਇਸ ਮਕ਼ਸਦ ਦੀ ਪੈਰਵੀ ਕਰੋ ਪਰ **ਨਰਮੀ** ਅਤੇ **ਅਖ਼ਲਾਕ਼** ਅਤੇ **ਦੁਆਵਾਂ** ‘ਤੇ ਜ਼ੋਰ ਦਿੰਦੇ ਹੋਏ।

ਫਿਰ ਆਪ عليه السلام ਨੇ ਫ਼ਰਮਾਇਆ: ਮੇਰੀ ਸਾਰੀ ਦੀ ਸਾਰੀ ਖ਼ੁਸ਼ੀ ਇਸੇ ਵਿੱਚ ਹੈ ਅਤੇ ਮੇਰੇ ਆਉਣ ਦਾ ਅਸਲ ਮਕ਼ਸਦ ਇਹੀ ਹੈ ਕਿ ਖ਼ੁਦਾ ਤਆਲਾ ਦੀ ਤੌਹੀਦ ਅਤੇ ਨਬੀ ਕਰੀਮ ﷺ ਦੀ ਇੱਜ਼ਤ ਦੁਨੀਆ ਵਿੱਚ ਕ਼ਾਇਮ ਹੋਵੇ।

ਇੱਕ ਮੌਕ਼ੇ ‘ਤੇ ਫ਼ਰਮਾਇਆ: ਮੇਰੀ ਬੈਅਤ ਦਾ ਅਸਲ ਮਕ਼ਸਦ ਇਹੀ ਹੈ ਕਿ ਖ਼ੁਦਾ ਤਆਲਾ ਦੀ ਤੌਹੀਦ ਅਤੇ ਨਬੀ ਕਰੀਮ ﷺ ਦੀ ਇੱਜ਼ਤ ਦੁਨੀਆ ਵਿੱਚ ਕ਼ਾਇਮ ਹੋਵੇ। ਕਾਦੀਆਂ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਇੱਕ ਸੇਵਕ **ਪੀਰਾਂ ਦਿੱਤਾ** ਨਾਮ ਦੇ ਸਨ। ਸਭ ਉਨ੍ਹਾਂ ਨੂੰ ਇਸੇ ਨਾਮ ਨਾਲ਼ ਪੁਕਾਰਦੇ ਸਨ ਪਰ ਹਜ਼ੂਰ عليه السلام ਜਦ ਬੁਲਾਉਂਦੇ ਤਾਂ ਫ਼ਰਮਾਉਂਦੇ **ਪੀਰੀ ਦਿੱਤਾ** ਯਾਨੀ ਮੇਰੇ ਪੀਰ ਅੱਲਾਹ ਦਾ ਦਿੱਤਾ ਹੋਇਆ।

ਅੱਲਾਹ ਤਆਲਾ ਨੇ ਇਲਹਾਮਨ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ ਫ਼ਰਮਾਇਆ: خُذُوا التَّوْحِيْدَ التَّوْحِيْدَ يَا أَبْنَاءَ الْفَارِسِ ਤੌਹੀਦ ਨੂੰ ਪਕੜੋ, ਤੌਹੀਦ ਨੂੰ ਪਕੜੋ ਐ ਫ਼ਾਰਿਸ ਦੇ ਬੇਟੋ! ਇਹ ਇਲਹਾਮ ਆਪਣੀ ਬਕ਼ਾ ਅਤੇ ਤਰੱਕ਼ੀ ਦੇ ਲਈ ਹੈ, ਆਪ عليه السلام ਦੀ ਨਸਲ ਦੇ ਲਈ ਅਤੇ ਹਰ ਮੰਨਣ ਵਾਲ਼ੇ ਦੇ ਲਈ ਹੈ। ਜਦ ਆਪ عليه السلام ਦੀ ਬੈਅਤ ਵਿੱਚ ਸ਼ਾਮਿਲ਼ ਹੋ ਗਏ ਤਾਂ ਆਪ عليه السلام ਦੇ ਬੱਚਿਆਂ ਵਿੱਚ, ਨਸਲ ਵਿੱਚ ਸ਼ਾਮਿਲ਼ ਹੋ ਗਏ। ਜੇਕਰ ਉਸ ਨੂੰ ਪਕੜੇ ਰੱਖਾਂਗੇ ਤਾਂ ਦੀਨ ਅਤੇ ਦੁਨੀਆ ਵਿੱਚ ਕਾਮਯਾਬੀ ਮਿਲੇਗੀ। ਨਹੀਂ ਤਾਂ ਨਾ ਕੋਈ ਖ਼ੂਨੀ ਰਿਸ਼ਤਾ ਫ਼ਾਇਦਾ ਦਿੰਦਾ ਹੈ ਅਤੇ ਨਾ ਸਿਰਫ਼ ਬੈਅਤ ਕਰਨਾ ਫ਼ਾਇਦਾ ਦਿੰਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ, ਖ਼ੁਦਾ ਦੇ ਮੁਕ਼ਾਬਲੇ ‘ਤੇ ਇਨਸਾਨ ਨੂੰ ਇੱਜ਼ਤ ਦਿੱਤੀ ਜਾਵੇ, ਇਸ ਗੱਲ ਤੋਂ ਸਖ਼ਤ ਨਫ਼ਰਤ ਸੀ। ਇਸ ਲਈ ਕਈ ਵਾਰ ਆਪ عليه السلام ਨੇ ਆਪਣੇ ਮੰਨਣ ਵਾਲਿਆਂ ਜਾਂ ਕੋਲ਼ ਬੈਠਿਆਂ ਨੂੰ ਮਿਲ਼ਦੇ ਵਕ਼ਤ **ਪੈਰੀਂ ਪੈਣ** ਤੋਂ ਸਖ਼ਤ ਮਨ੍ਹਾ ਫ਼ਰਮਾਇਆ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ: ਮੈਂ ਇਸ ਗੱਲ ਦਾ ਸਖ਼ਤ ਵਿਰੋਧੀ ਹਾਂ ਕਿ ਕੋਈ ਮੇਰੀ ਤਸਵੀਰ ਖਿੱਚੇ ਅਤੇ ਉਸਨੂੰ ਬੁੱਤ ਪ੍ਰਸਤਾਂ ਵਾਂਗ ਆਪਣੇ ਕੋਲ਼ ਰੱਖੇ ਜਾਂ ਪ੍ਰਕਾਸ਼ਿਤ ਕਰੇ। ਮੈਂ ਹਰਗਿਜ਼ ਅਜਿਹਾ ਹੁਕਮ ਨਹੀਂ ਦਿੱਤਾ ਕਿ ਕੋਈ ਅਜਿਹਾ ਕਰੇ। ਮੇਰੇ ਤੋਂ ਜ਼ਿਆਦਾ ਬੁੱਤ ਪ੍ਰਸਤੀ ਅਤੇ ਤਸਵੀਰ ਪ੍ਰਸਤੀ ਦਾ ਕੋਈ ਦੁਸ਼ਮਣ ਨਹੀਂ ਹੋਵੇਗਾ। ਪਰ ਮੈਂ ਦੇਖਿਆ ਹੈ ਕਿ ਅੱਜ ਕੱਲ ਯੋਰਪ ਦੇ ਲੋਕ ਜਿਸ ਸ਼ਖ਼ਸ ਦੀ ਲਿਖਤ ਨੂੰ ਦੇਖਣਾ ਚਾਹੁਣ, ਅੱਵਲ ਖ਼ਾਹਿਸ਼ਮੰਦ ਹੁੰਦੇ ਹਨ ਕਿ ਉਸ ਦੀ ਤਸਵੀਰ ਦੇਖਣ, ਕਿਉਂਕਿ ਯੋਰਪ ਦੇ ਮੁਲਕ ਵਿੱਚ **ਇਲਮਿ ਫ਼ਿਰਾਸਤ** (ਕਿਸੇ ਸ਼ਖ਼ਸ ਨੂੰ ਜਾਂ ਉਸਦੀ ਤਸਵੀਰ ਨੂੰ ਦੇਖ ਕੇ ਉਸਦੇ ਅੰਦਰੂਨੀ ਹਾਲਾਤ ਦਾ ਪਤਾ ਲਾਉਣਾ) ਨੂੰ ਬਹੁਤ ਤਰੱਕ਼ੀ ਹੈ। ਅਤੇ ਅਕਸਰ ਉਨ੍ਹਾਂ ਦੀ ਸਿਰਫ਼ ਤਸਵੀਰ ਦੇਖ ਕੇ ਪਛਾਣ ਕਰ ਸਕਦੇ ਹਨ ਕਿ ਅਜਿਹਾ ਦਾਅਵਾ ਕਰਨ ਵਾਲ਼ਾ ਸੱਚਾ ਹੈ ਜਾਂ ਝੂਠਾ। ਅਤੇ ਉਹ ਲੋਕ ਹਜ਼ਾਰਾਂ ਕੋਹਾਂ ਦੂਰ ਹੋਣ ਕਾਰਨ ਮੇਰੇ ਤੱਕ ਨਹੀਂ ਪਹੁੰਚ ਸਕਦੇ ਅਤੇ ਨਾ ਮੇਰਾ ਚਿਹਰਾ ਦੇਖ ਸਕਦੇ ਹਨ ਇਸ ਲਈ ਉਸ ਮੁਲਕ ਦੇ ਸਮਝ ਰੱਖਣ ਵਾਲ਼ੇ ਲੋਕ ਤਸਵੀਰ ਦੇ ਜ਼ਰੀਆ ਮੇਰੇ ਅੰਦਰੂਨੀ ਹਾਲਾਤ ‘ਤੇ ਗ਼ੌਰ ਕਰਦੇ ਹਨ। ਕਈ ਅਜਿਹੇ ਲੋਕ ਹਨ ਜਿਨ੍ਹਾਂ ਨੇ ਯੋਰਪ ਜਾਂ ਅਮਰੀਕਾ ਤੋਂ ਮੇਰੇ ਵੱਲ ਚਿੱਠੀਆਂ ਲਿਖੀਆਂ ਹਨ ਅਤੇ ਆਪਣੀਆਂ ਚਿੱਠੀਆਂ ਵਿੱਚ ਲਿਖਿਆ ਹੈ ਕਿ ਅਸੀਂ ਆਪ عليه السلام ਦੀ ਤਸਵੀਰ ਨੂੰ ਗ਼ੌਰ ਨਾਲ਼ ਦੇਖਿਆ ਅਤੇ **ਇਲਮਿ ਫ਼ਿਰਾਸਤ** ਦੇ ਜ਼ਰੀਆ ਇਹ ਸਾਨੂੰ ਮੰਨਣਾ ਪਿਆ ਕਿ ਜਿਸ ਦੀ ਇਹ ਤਸਵੀਰ ਹੈ ਉਹ ਝੂਠਾ ਨਹੀਂ ਹੈ। ਇੱਕ ਅਮਰੀਕੀ ਔਰਤ ਨੇ ਮੇਰੀ ਤਸਵੀਰ ਨੂੰ ਦੇਖ ਕੇ ਕਿਹਾ ਕਿ ਇਹ ਯਸੂਅ ਯਾਨੀ ਈਸਾ ਦੀ ਤਸਵੀਰ ਹੈ। ਬਸ ਇਸ ਮਕ਼ਸਦ ਨਾਲ਼ ਅਤੇ ਇਸ ਹੱਦ ਤੱਕ ਕਿ ਮੈਂ ਇਸ ਤਰੀਕ਼ੇ ਦੇ ਜਾਰੀ ਹੋਣ ਵਿੱਚ ਕਿਸੇ ਕਾਰਨ ਖ਼ਾਮੋਸ਼ੀ ਇਖ਼ਤਿਆਰ ਕੀਤੀ ਹੈ। ਫੋਟੋ ਅਤੇ ਤਸਵੀਰ ਦੇ ਜ਼ਰੀਆ ਗਿਆਨ ਵਿੱਚ ਬਹੁਤ ਤਰੱਕ਼ੀ ਹੋਈ ਹੈ ਜਿਵੇਂ ਜਾਨਵਰਾਂ ਅਤੇ ਬਿਮਾਰੀਆਂ ਦੀ ਪਛਾਣ ਵਿੱਚ ਮਦਦ ਮਿਲ਼ਦੀ ਹੈ। ਇਸ ਲਈ ਇਸ ਨੂੰ ਹਰਾਮ ਕਹਿਣਾ ਸਹੀ ਨਹੀਂ ਹੈ। ਇਸਲਾਮ ਸਿਰਫ਼ ਉਨ੍ਹਾਂ ਕੰਮਾਂ ਤੋਂ ਮਨ੍ਹਾ ਕਰਦਾ ਹੈ ਜਿਹੜੇ ਸ਼ਿਰਕ ਜਾਂ ਫ਼ਜ਼ੂਲ ਕੰਮਾਂ ਵੱਲ ਲੈ ਜਾਣ ਨਾ ਕਿ ਉਹ ਚੀਜ਼ਾਂ ਜਿਹੜੀਆਂ ਗਿਆਨ ਅਤੇ ਫ਼ਾਇਦੇ ਦਾ ਜ਼ਰੀਆ ਹੋਣ। ਫਿਰ ਵੀ ਸ਼ਰਤ ਇਹੀ ਹੈ ਕਿ ਤਸਵੀਰਾਂ ਨੇਕ ਮਕ਼ਸਦ ਦੇ ਲਈ ਹੋਣ ਉਨ੍ਹਾਂ ਨੂੰ ਕਮਾਈ ਦਾ ਜ਼ਰੀਆ ਜਾਂ ਬੇ-ਮਕ਼ਸਦ ਨਾ ਫੈਲਾਇਆ ਜਾਵੇ। ਕਿਉਂਕਿ ਇਸ ਤਰ੍ਹਾਂ ਹੌਲ਼ੀ-ਹੌਲ਼ੀ ਬਿਦਅਤਾਂ ਅਤੇ ਸ਼ਿਰਕ ਪੈਦਾ ਹੋ ਸਕਦੇ ਹਨ, ਇਸ ਲਈ ਇਹਤਿਆਤ ਜ਼ਰੂਰੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਸ ਤਰ੍ਹਾਂ ਦੀਆਂ ਬਿਦਅਤਾਂ ਸਾਡੇ ਲੋਕਾਂ ਵਿੱਚ ਵੀ ਸ਼ੁਰੂ ਹੋ ਰਹੀਆਂ ਹਨ। ਕੁੱਝ ਲੋਕ ਆਪਣੇ ਫ਼ੌਤ ਹੋਣ ਵਾਲਿਆਂ ਦੀਆਂ ਤਸਵੀਰਾਂ ਆਪਣੇ ਨਾਲ਼ ਲਾ ਲੈਂਦੇ ਹਨ। ਕੁੱਝ ਲੋਕ ਵਿਆਹਾਂ ਦੇ ਪ੍ਰੋਗਰਾਮਾਂ ਵਿੱਚ ਤਸਵੀਰ ਵੱਡੀ ਕਰਾ ਕੇ ਲਗਵਾ ਲੈਂਦੇ ਹਨ ਕਿ ਇਹ ਸਾਡੇ ਫ਼ੌਤ ਹੋਣ ਵਾਲ਼ੇ ਬਜ਼ੁਰਗ ਹਨ ਅਤੇ ਸਾਡੇ ਨਾਲ਼ ਸ਼ਾਮਿਲ ਹੋ ਗਏ ਹਨ। ਇਹ ਸਭ **ਸ਼ਿਰਕ** ਹੈ, **ਬਿਦਅਤ** ਹੈ, ਇਸ ਤੋਂ ਬਚਣਾ ਚਾਹੀਦਾ ਹੈ। ਸਿਰਫ਼ ਨੇਕ ਮਕ਼ਸਦ ਦੇ ਲਈ ਆਪਣੀ ਯਾਦਗਾਰ ਦੇ ਤੌਰ ‘ਤੇ ਐਲਬਮ ਵਿੱਚ ਤਸਵੀਰਾਂ ਰੱਖਣਾ ਜਾਇਜ਼ ਹੈ। ਪਰ ਇਸ ਨੂੰ ਫ਼ਿਤਰਤ ਬਣਾ ਲੈਣਾ ਅਤੇ ਫਿਰ ਹਰ ਸਵੇਰੇ ਉੱਠ ਕੇ ਦੇਖਣਾ ਅਤੇ ਸਲਾਮ ਕਰਨਾ ਬਿਦਅਤ ਹੈ।

ਹਜ਼ਰਤ ਮੌਲਾਨਾ ਗ਼ੁਲਾਮ ਰਸੂਲ ਸਾਹਿਬ ਰਾਜੇਕੀ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ 1901 ਈ: ਦਾ ਜ਼ਿਕਰ ਹੈ ਕਿ ਮੈਂ ਹਜ਼ੂਰ ਅਕ਼ਦਸ عليه السلام ਦੀ ਬਾਰਗਾਹ ਵਿੱਚ ਹਾਜ਼ਿਰ ਸੀ। ਹਜ਼ੂਰ عليه السلام ਨੇ ਅੱਲਾਹ ਤਆਲਾ ਦੀ ਤੌਹੀਦ ਉੱਤੇ ਇੱਕ ਤਕ਼ਰੀਰ ਕੀਤੀ ਅਤੇ ਫ਼ਰਮਾਇਆ ਕਿ ਕੁੱਝ ਲੋਕ ਕਿਸੇ ਦੇ ਅਹਿਸਾਨ ‘ਤੇ ਅਲ੍-ਹਮਦੁ ਲਿੱਲਾਹ (الحمدلله) ਕਹੇ ਬਗ਼ੈਰ ਹੀ ਜਜ਼ਾਕੱਲਾਹ (جزاك الله) ਕਹਿ ਦਿੰਦੇ ਹਨ ਹਾਲਾਂਕਿ ਗ਼ੌਰ ਨਾਲ਼ ਦੇਖਿਆ ਜਾਵੇ ਤਾਂ ਇਹ ਆਪਣੇ ਅੰਦਰ ਇੱਕ ਛੋਟਾ ਜਿਹਾ ਸ਼ਿਰਕ ਦਾ ਪਹਿਲੂ ਰੱਖਦਾ ਹੈ ਕਿਉਂਕਿ ਇਹਸਾਨ ਕਰਨ ਵਾਲ਼ੀ ਜ਼ਾਤ ਅੱਲਾਹ ਤਆਲਾ ਦੀ ਹੈ। ਇਸ ਲਈ ਜ਼ਰੂਰੀ ਹੈ ਕਿ ਪਹਿਲਾਂ ਅੱਲਾਹ ਤਆਲਾ ਦੀ ਤੌਸੀਫ਼ ਅਤੇ ਤਹਮੀਦ ਬਿਆਨ ਕੀਤੀ ਜਾਵੇ ਅਤੇ ਫਿਰ ਇਹਸਾਨ ‘ਤੇ ਜਜ਼ਾਕੱਲਾਹ (جزاك الله) ਕਿਹਾ ਜਾਵੇ।

ਹਜ਼ਰਤ ਭਾਈ ਅਬਦੁੱਰ੍ ਰਹਮਾਨ ਸਾਹਿਬ ਕਾਦੀਆਨੀ ਰਜ਼ਿ ਅੱਲਾਹੁ ਅਨਹੁ ਹਜ਼ੂਰ ਦੇ ਆਖ਼ਰੀ ਲਾਹੌਰ ਦੇ ਸਫ਼ਰ ਦੀ ਤਫ਼ਸੀਲਾਂ ‘ਤੇ ਅਧਾਰਿਤ ਇੱਕ ਮਜ਼ਮੂਨ ਵਿੱਚ ਲਿਖਦੇ ਹਨ ਕਿ **ਵਫ਼ਾਤ** ਤੋਂ ਕੁੱਝ ਦਿਨ ਪਹਿਲਾਂ ਹਜ਼ਰਤ ਸਾਹਿਬ عليه السلام ਨੂੰ ਮਿਲ਼ਣ ਦੇ ਲਈ ਔਰਤਾਂ ਤਸ਼ਰੀਫ਼ ਲਿਆਈਆਂ। ਹਜ਼ੂਰ عليه السلام ਕਿਉਂਕਿ ਬਹੁਤ ਮਸਰੂਫ਼ ਸਨ, ਉਨ੍ਹਾਂ ਨੂੰ ਛੇਤੀ ਰੁਖ਼ਸਤ ਕਰਨਾ ਚਾਹਿਆ ਮਗਰ ਉਨ੍ਹਾਂ ਨੇ ਉਜ਼ਰ ਕੀਤਾ ਅਤੇ ਕੁੱਝ ਨਸੀਹਤ ਕਰਨ ਦੀ ਦਰਖ਼ਾਸਤ ਕੀਤੀ। ਹਜ਼ੂਰ ਨੇ ਬਾਵਜੂਦ ਇੰਤਿਹਾਈ ਮਸਰੂਫ਼ੀਅਤ ਦੇ ਉਨ੍ਹਾਂ ਦੀ ਦਰਖ਼ਾਸਤ ਨੂੰ ਕ਼ਬੂਲ ਕਰਕੇ ਤੌਹੀਦ ਦੀ ਤਲਕ਼ੀਨ ਕੀਤੀ ਅਤੇ ਬੁੱਤ ਪ੍ਰਸਤੀ ਤੋਂ ਮਨ੍ਹਾ ਫ਼ਰਮਾਇਆ। ਹਜ਼ੂਰ ਨੇ ਇੱਕ ਹੋਰ ਤਕ਼ਰੀਰ ਵਿੱਚ ਫ਼ਰਮਾਇਆ ਕਿ ਈਸਾ ਮਸੀਹ عليه السلام ਨੂੰ ਮਰਨ ਦਿਓ ਇਸ ਵਿੱਚ ਇਸਲਾਮ ਦੀ **ਜ਼ਿੰਦਗੀ** ਹੈ। ਮਸੀਹ ਮੁਹੰਮਦੀ عليه السلام ਨੂੰ ਆਉਣ ਦਿਓ ਕਿ ਇਸ ਵਿੱਚ ਇਸਲਾਮ ਦੀ **ਬਜ਼ੁਰਗੀ** ਹੈ।

ਬਸ ਤੌਹੀਦ ਦਾ ਪੈਗ਼ਾਮ ਪਹੁੰਚਾਉਣ ਅਤੇ ਉਸ ਨੂੰ ਆਪਣੀਆਂ ਜ਼ਿੰਦਗੀਆਂ ਦਾ ਹਿੱਸਾ ਬਣਾਉਣ ਦੇ ਲਈ ਭਰਪੂਰ ਕੋਸ਼ਿਸ਼ ਕੀਤੀ ਜਾਵੇ। ਇਹ ਅੱਜ ਮਸੀਹ ਮੁਹੰਮਦੀ عليه السلام ਦੇ **ਗ਼ੁਲਾਮਾਂ** ਦਾ ਕੰਮ ਹੈ। ਅੱਲਾਹ ਤਆਲਾ ਸਾਨੂੰ ਇਸ ਕੰਮ ਨੂੰ ਸਰ ਅੰਜਾਮ ਦੇਣ ਦੀ ਤੌਫ਼ੀਕ਼ ਅਤਾ ਫ਼ਰਮਾਵੇ।

ਖੁਤਬੇ ਦੇ ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਦੁਨੀਆ ਦੇ **ਮੌਜੂਦਾ ਹਾਲਾਤ** ਅਤੇ **ਉੱਮਤਿ ਮੁਸਲਿਮਾ** ਦੇ ਹਵਾਲੇ ਨਾਲ਼ ਦੁਆ ਦੀ ਤਹਰੀਕ ਫ਼ਰਮਾਈ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞